Tender Heart High School, Class-V

Punjabi     Ch-15     Gurpreet Kaur     [redacted]



ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-15 "ਸੂਰਜ ਨਿਕਲ ਆਇਆ" ਅਤੇ ਕਹਾਣੀ 'ਪਿਆਸਾ ਕਾਂ' ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਜੇ, ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ, ਪੜ੍ਹਨਾ ਸ਼ੁਰੂ ਕਰੀਏ।

## "ਸੂਰਜ ਨਿਕਲ ਆਇਆ"

ਮਿੰਨੀ ਘੂਕ ਸੁੱਤੀ ਪਈ ਸੀ। ਉਸ ਦੀ ਮੰਮੀ ਨੇ ਕਮਰੇ ਦੇ ਪਰਦੇ ਪਰ੍ਹੇ ਹਟਾਉਂਦਿਆਂ ਆਖਿਆ, "ਮਿੰਨੀ ਦੇਖ ਸੂਰਜ ਕਿੱਡਾ ਨਿਕਲ ਆਇਆ ਹੈ। ਸਕੂਲ ਨਹੀਂ ਜਾਣਾ"?

ਸੂਰਜ ਦਾ ਨਾਂ ਸੁਣ ਕੇ ਮਿੰਨੀ ਇੱਕਦਮ ਉੱਠੀ। ਉਹ ਫਟਾਫਟ ਗੁਸਲਖ਼ਾਨੇ ਗਈ। ਉਸ ਨੇ ਜਲਦੀ-ਜਲਦੀ ਬੁਰਸ਼ ਕੀਤਾ ਤੇ ਬਾਹਰ ਆ ਗਈ। ਉਸ ਦੀ ਮੰਮੀ ਨੇ ਉਸ ਨੂੰ ਪਹਿਲਾਂ ਪਾਣੀ ਪਿਆਇਆ ਤੇ ਫਿਰ ਦੁੱਧ ਪੀਣ ਲਈ ਦਿੱਤਾ।




ਥੋੜ੍ਹੀ ਹੀ ਦੇਰ ਵਿੱਚ ਮਿੰਨੀ ਨਹਾ-ਧੋ ਕੇ ਤਿਆਰ ਖੜ੍ਹੀ ਸੀ। ਉਸ ਦੇ ਗਲ਼ ਵਿੱਚ ਬਸਤਾ ਖ਼ੂਬ ਸਜ ਰਿਹਾ ਸੀ। ਉਸ ਨੇ ਗਲ਼ ਵਿੱਚ ਪਾਣੀ ਦੀ ਬੋਤਲ ਲਟਕਾਈ ਹੋਈ ਸੀ। ਉਸ ਦੀ ਵਰਦੀ ਸਾਫ਼-ਸੁਥਰੀ ਸੀ। ਉਸਦੇ ਜੁੱਤੇ ਪਾਲਿਸ਼ ਕੀਤੇ ਹੋਏ ਚਮਕ ਰਹੇ ਸਨ। ਉਸ ਨੇ ਦੋ ਗੁੱਤਾਂ ਕਰਵਾ ਕੇ ਵਾਲ਼ ਵਾਹੇ ਹੋਏ ਸਨ।

Class-V Punjabi Ch-15

06.02.2023

(2)

ਥੋੜ੍ਹੀ ਹੀ ਦੇਰ ਬਾਅਦ ਮਿੰਨੀ ਦੀ ਬਸ ਨੇ ਹਾਰਨ ਮਾਰਿਆ। ਮਿੰਨੀ, ਮੰਮੀ ਨੂੰ ਬਾਏ! ਬਾਏ! ਕਰਦੀ ਹੋਈ ਔਹ ਗਈ, ਔਹ ਗਈ।



ਮਿੰਨੀ ਨੇ ਸਕੂਲ ਜਾ ਕੇ ਪਹਿਲਾਂ ਆਪਣੇ ਸਾਥੀਆਂ ਨਾਲ ਮਿਲ ਕੇ ਪ੍ਰਾਰਥਨਾ ਕੀਤੀ। ਫਿਰ ਉਸ ਨੇ ਮਨ ਲਾ ਕੇ ਪੜ੍ਹਾਈ ਕੀਤੀ। ਮੈਡਮ ਨੇ ਉਸ ਦਾ ਹੋਮਵਰਕ ਚੈੱਕ ਕੀਤਾ। ਉਸ ਨੂੰ ਤਿੰਨ-ਚਾਰ ਜਗ੍ਹਾ ਤੇ ਗੁੱਡ ਮਿਲਿਆ।

ਦੁਪਹਿਰ ਵੇਲੇ ਮਿੰਨੀ ਹੱਸਦੀ-ਹੱਸਦੀ ਘਰ ਆਈ। ਮੰਮੀ ਨੇ ਉਸ ਨੂੰ ਘੁੱਟ ਕੇ ਪਿਆਰ ਕੀਤਾ। ਉਸ ਦੀ ਵਰਦੀ ਲਾਹ ਕੇ ਘਰ ਦੇ ਕੱਪੜੇ ਪਾਏ। ਉਸ ਨੂੰ ਲੰਚ ਕਰਵਾਇਆ। ਲੰਚ ਕਰਕੇ ਮਿੰਨੀ ਸੌਂ ਗਈ। ਸ਼ਾਮ ਵੇਲੇ ਉੱਠ ਕੇ ਉਸਨੇ ਹੋਮ-ਵਰਕ ਕੀਤਾ। ਫਿਰ ਉਹ ਆਪਣੇ ਦੋਸਤਾਂ ਨਾਲ਼ ਮਿਲ ਕੇ ਖ਼ੂਬ ਖੇਡੀ।

## ਔਖੇ ਸ਼ਬਦਾਂ ਦੇ ਅਰਥ

| ਸ਼ਬਦ | ਅਰਥ |
|---|---|
| ਘੂਕ ਸੌਣਾ | ਗੂੜ੍ਹੀ ਨੀਂਦ ਸੌਣਾ |
| ਸੂਰਜ ਨਿਕਲਣਾ | ਸੂਰਜ ਦਾ ਚੜ੍ਹਨਾ, ਉਦੈ ਹੋਣਾ |
| ਫਟਾਫਟ | ਜਲਦੀ-ਜਲਦੀ |
| ਲੰਚ | ਦੁਪਹਿਰ ਦਾ ਖਾਣਾ |

Page-

Spiral

ੳ

## ਅਭਿਆਸ

### ਮੌਖਿਕ

**ਯਾਦ ਰੱਖਣ ਲਈ ਜ਼ਰੂਰੀ ਗੱਲਾਂ**

1. **ਸੂਰਜ ਨਿਕਲਣ 'ਤੇ ਦਿਨ ਚੜ੍ਹ ਆਉਂਦਾ ਹੈ।**
2. **ਦਿਨ ਚੜ੍ਹਦੇ ਹੀ ਸਾਰੇ ਆਪਣੇ ਕੰਮਾਂ-ਕਾਰਾਂ ਤੇ ਲੱਗ ਜਾਂਦੇ ਹਨ।**
3. **ਬੱਚੇ ਆਪਣੇ ਸਕੂਲ ਨੂੰ ਤਿਆਰ ਹੋ ਕੇ ਚੱਲ ਪੈਂਦੇ ਹਨ।**
4. **ਸਾਰੇ ਦਿਨ ਤੋਂ ਬਾਅਦ ਜਦੋਂ ਰਾਤ ਹੁੰਦੀ ਹੈ ਤਾਂ ਲੋਕ ਆਪਣੇ ਘਰਾਂ ਨੂੰ ਪਰਤ ਆਉਂਦੇ ਹਨ।**

**ਬਹੁ-ਵਿਕਲਪੀ ਪ੍ਰਸ਼ਨ**

**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿੱਚ ਟਿੱਕ (✓) ਕਰੋ—**

(ੳ) ਮੰਮੀ ਨੇ ਮਿੰਨੀ ਨੂੰ ਕਿਸਦੇ ਨਿਕਲਣ ਬਾਰੇ ਕਿਹਾ?

ਸੂਰਜ ਦੇ ☑ ਚੰਦਰਮੇ ਦੇ ☐ ਦਿਨ ਦੇ ☐

(ਅ) ਮਿੰਨੀ ਸੁੱਤੀ ਉੱਠਦੀ ਪਹਿਲਾਂ ਕਿੱਥੇ ਗਈ?

ਵਿਹੜੇ ਵਿੱਚ ☐ ਗੁਸਲਖ਼ਾਨੇ ਵਿੱਚ ☑ ਰਸੋਈ ਵਿੱਚ ☐

(ੲ) ਮਿੰਨੀ ਕੀ ਕਹਿੰਦੀ ਹੋਈ ਗਈ?

ਹਾਏ ☐ ਬਾਏ ਬਾਏ ☑ ਟਾ ਟਾ ☐

(ਸ) ਮਿੰਨੀ ਨੇ ਸਕੂਲ ਜਾ ਕੇ ਸਭ ਤੋਂ ਪਹਿਲਾਂ ਕੀ ਕੀਤਾ?

ਖੇਡਾਂ ☐ ਪੜ੍ਹਾਈ ☐ ਪ੍ਰਾਰਥਨਾ ☑

### ਲਿਖਤੀ

1. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—**

(ੳ) ਮੰਮੀ ਨੇ ਮਿੰਨੀ ਨੂੰ ਉਠਾਉਂਦਿਆਂ ਕਿਹੜੇ ਸ਼ਬਦ ਕਹੇ?

→ ਮੰਮੀ ਨੇ ਕਿਹਾ ਕਿ ਸੂਰਜ ਨਿਕਲ ਆਇਆ ਹੈ, ਸਕੂਲ ਨਹੀਂ ਜਾਣਾ।

(ਅ) ਮੰਮੀ ਨੇ ਮਿੰਨੀ ਨੂੰ ਕੀ-ਕੀ ਪੀਣ ਲਈ ਦਿੱਤਾ?

→ ਮੰਮੀ ਨੇ ਮਿੰਨੀ ਨੂੰ ਪੀਣ ਲਈ ਪਹਿਲਾਂ ਪਾਣੀ ਤੇ ਫਿਰ ਦੁੱਧ ਦਿੱਤਾ।

Class-V (Punjabi) Ch-15 06.02.2023

(4)

(ਏ) ਮੈਡਮ ਨੇ ਮਿੰਨੀ ਨੂੰ ਗੁੱਡ ਕਿੰਨੀ ਥਾਂ ਤੇ ਦਿੱਤਾ ?

→ ਮੈਡਮ ਨੇ ਮਿੰਨੀ ਨੂੰ ਤਿੰਨ- ਚਾਰ ਜਗ੍ਹਾ ਤੇ ਗੁੱਡ ਦਿੱਤਾ।

(ਸ) ਮਿੰਨੀ ਨੇ ਸ਼ਾਮ ਨੂੰ ਕੀ-ਕੀ ਕੀਤਾ?

→ ਮਿੰਨੀ ਨੇ ਸ਼ਾਮ ਨੂੰ ਪਹਿਲਾਂ ਹੋਮਵਰਕ ਕੀਤਾ, ਤੇ ਫਿਰ ਖੇਡਣ ਗਈ।

2. ਹੇਠਾਂ ਦਿੱਤੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਦੇਖੋ ਤੇ ਕਰੋ—

| ਸ਼ਬਦ | ਵਾਕ |
|---|---|
| ਸੂਰਜ | ਸੂਰਜ ਪੂਰਬ ਵੱਲੋਂ ਨਿਕਲਦਾ ਹੈ। |
| ਦੁੱਧ | ਮੈਨੂੰ ਦੁੱਧ ਪੀਣਾ ਪਸੰਦ ਹੈ। |
| ਬੋਤਲ | ਮੈਂ ਬੋਤਲ ਵਿੱਚ ਪਾਣੀ ਭਰਦੀ ਹਾਂ। |
| ਹਾਰਨ | ਬੱਸ ਨੇ ਹਾਰਨ ਵਜਾਇਆ। |

3. ਸਾਹਮਣੇ ਦਿੱਤੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਚੁਣੋ ਤੇ ਖ਼ਾਲੀ ਥਾਂ ਭਰੋ—

(ੳ) ਮਿੰਨੀ ਘੂਕ ___ਸੁੱਤੀ___ ਪਈ ਸੀ। (ਜਾਗਦੀ/ਸੁੱਤੀ✓)

(ਅ) ਮੰਮੀ ਨੇ ਕਮਰੇ ਦੇ ___ਪਰਦੇ___ ਪਰ੍ਹੇ ਹਟਾਏ। (ਪਰਦੇ✓/ਖਿੜਕੀਆਂ)

(ੲ) ਮਿੰਨੀ ਨੇ ਗਲ਼ ਵਿੱਚ ___ਬੋਤਲ___ ਲਟਕਾਈ ਹੋਈ ਸੀ। (ਕੈਮਰਾ/ਬੋਤਲ✓)

(ਸ) ਸ਼ਾਮ ਵੇਲੇ ਮਿੰਨੀ ਦੋਸਤਾਂ ਨਾਲ਼ ਖ਼ੂਬ ___ਖੇਡੀ___। (ਖੇਡੀ✓/ਟੱਪੀ)

5. ਹੇਠਾਂ ਦਿੱਤੇ ਸ਼ਬਦਾਂ ਨੂੰ ਸਾਹਮਣੇ ਦਿੱਤੇ ਸ਼ਬਦਾਂ ਨਾਲ ਮੇਲੋ—

| | |
|---|---|
| 1) ਪਰਦੇ | ਨਿਕਲ ਆਇਆ 2 |
| 2) ਸੂਰਜ | ਪਿਆਰ ਕਰਨਾ 5 |
| 3) ਗਲ਼ ਵਿੱਚ | ਹਾਰਨ ਵਜਾਇਆ 4 |
| 4) ਬਸ ਨੇ | ਬਸਤਾ ਪਾਇਆ 3 |
| 5) ਘੁੱਟ ਕੇ | ਪਰ੍ਹੇ ਹਟਾਏ 1 |

4. ਹੇਠਾਂ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਗ਼ਲਤ (✗) ਦੇ ਨਿਸ਼ਾਨ ਲਗਾਓ।

(ੳ) ਸੂਰਜ ਪੱਛਮ ਵੱਲੋਂ ਨਿਕਲਦਾ ਹੈ। ✗

(ਅ) ਮਿੰਨੀ ਸੂਰਜ ਨਿਕਲਣ ਤੇ ਵੀ ਸੁੱਤੀ ਰਹੀ। ✗

Class-V Punjabi Ch-15 06.02.2023

Last page (5)

(ੲ) ਮਿੰਨੀ ਸਕੂਲ ਨੂੰ ਪੈਦਲ ਚੱਲ ਕੇ ਗਈ। ☒

(ਸ) ਮਿੰਨੀ ਸਕੂਲੋਂ ਰੋਂਦੀ ਹੋਈ ਘਰ ਆਈ। ☒

## ਵਿਆਕਰਨ

1. ਹੇਠਾਂ ਦਿਤੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਜੋੜ ਚੁਣੋ—

| | | | | |
|---|---|---|---|---|
| 1) ਮਿੰਨੀ | ਮਿੰਨਿ | | 4) ਗੁਸਲਖ਼ਾਨਾ | ਗੁਸਲਖਾਨਾ |
| 2) ਥੋੜੀ | ਥੋੜ੍ਹੀ | | 5) ਪਾਲੀਸ਼ | ਪਾਲਿਸ਼ |
| 3) ਦੋਸਤ | ਦੌਂਸਤ | | | |

2. ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ—

| ਸ਼ਬਦ | ਵਿਰੋਧੀ ਸ਼ਬਦ | ਸ਼ਬਦ | ਵਿਰੋਧੀ ਸ਼ਬਦ |
|---|---|---|---|
| 1) ਸੁੱਤੀ | ਜਾਗਦੀ | 4) ਜਲਦੀ | ਦੇਰ, ਬਾਅਦ |
| 2) ਬਾਹਰ | ਅੰਦਰ | 5) ਸਾਫ਼ | ਗੰਦਾ |
| 3) ਹੱਸਦੀ | ਰੋਂਦੀ | | |

## ਰਚਨਾਤਮਕ ਗਤੀਵਿਧੀਆਂ

1. ਸੂਰਜ ਦੇ ਕੀ-ਕੀ ਲਾਭ ਹਨ ? ਇਹ ਸਾਨੂੰ ਕੀ-ਕੀ ਦਿੰਦਾ ਹੈ ? ਪੰਜ ਵਾਕ ਲਿਖੋ।

(ੳ) ਸੂਰਜ ਸਾਨੂੰ ਗਰਮੀ ਦਿੰਦਾ ਹੈ।

(ਅ) ਇਸ ਤੋਂ ਸਾਨੂੰ ਚਾਨਣ ਮਿਲਦਾ ਹੈ।

(ੲ) ਸੂਰਜ ਦੀ ਰੌਸ਼ਨੀ ਨਾਲ ਹੀ ਪੇੜ- ਪੌਦੇ ਵੱਧਦੇ ਹਨ।